**International Research Journal of Humanities, Language and Literature**
**ISSN: (2394-1642)**
**Impact Factor 5.401 Volume 6, Issue 8, August 2019**
**Association of Academic Researchers and Faculties (AARF)**
**Website-www.aarf.asia, Email : editor@aarf.asia , editoraarf@gmail.com**

# ਸਾਹਿਤ, ਸਾਹਿਤਕਾਰ ਅਤੇ ਨਾਵਲ ਦੇ ਸਮਾਜਕ ਪਰਿਪੇਖ

**ਰੇਖਾ ਰਾਣੀ**
ਅਸਿਸਟੈਂਟ ਪ੍ਰੋਫ਼ੈਸਰ
ਆਰੀਆ ਗਰਲਜ਼ ਕਾਲਜ,
ਅੰਬਾਲਾ ਕੈਂਟ

**ਸ਼ੋਧ ਆਲੇਖ ਸਾਰ**

**ਸਾਹਿਤ ਕੀ ਹੈ। ਉਸਦਾ ਸਾਹਿਤਕਾਰ (ਰਚਨਾਕਾਰ) ਨਾਲ ਕਿਵੇਂ ਦਾ ਸੰਬੰਧ ਹੈ ਤੇ ਸਾਹਿਤਕਾਰ ਕਿਵੇਂ ਸਮਾਜ ਨਾਲ ਜੁੜਿਆ ਹੋਇਆ ਆਪਣੀ ਸੂਝਬੂਝ ਨਾਲ ਕੀ ਕ੍ਰਿਤਿਆਂ ਪ੍ਰਧਾਨ ਕਰਦਾ ਹੈ। ਉਨ੍ਹਾਂ ਸਾਰੇ ਸਾਹਿਤ-ਰੂਪਾਂ ਵਿਚੋਂ ਨਾਵਲ ਦੀ ਪਰਿਭਾਸ਼ਾ ਕੀ ਹੈ, ਕਿਵੇਂ ਲਿਖਿਆ ਜਾਂਦਾ ਹੈ ਤੇ ਕਿੱਥੋਂ ਤੱਕ ਸਮਾਜ ਦੀਆਂ ਜੜ੍ਹਾਂ ਤਕ ਅਪੜਦਾ ਹੋਇਆ, ਇਕ ਆਮ-ਮਨੁੱਖ ਦੇ ਦਿਲ ਵਿਚ ਸਥਾਈ ਰੂਪ ਵਿੱਚ ਘਰ ਕਰ ਲੈਂਦਾ ਹੈ।**

**ਮੁੱਖ ਸ਼ਬਦ :** **ਇਤਿਹਾਸਕ ਵਿਕਾਸ, ਵਿਕਾਸਵਾਦੀ ਸਿਧਾਂਤ, ਜੈਵਿਕ ਸ਼ਕਤੀ, ਸਮਾਜੀਕਰਣ ।**

ਆਦਿ ਕਾਲੀਨ ਦੌਰ ਵਿੰਚ ਮਨੁੱਖ ਪ੍ਰਕਿਰਤੀ ਦੀਆਂ ਪ੍ਰਬਲ ਸ਼ਕਤੀਆਂ ਦੇ ਘੇਰੇ ਵਿੱਚ ਰਿਹਾ। ਚਾਹੇ ਇਤਿਹਾਸਕ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਮੁਤਾਬਿਕ ਮਨੁੱਖ ਜਾਨਵਰ ਤੋਂ ਵਿਕਸਿਤ ਹੋਇਆ ਹੈ। ਜਿਸ ਸਮੇਂ ਤੋਂ ਮਨੁੱਖ ਹੋਂਦ ਵਿੱਚ ਆਇਆ ਹੈ। ਉਸਦਾ ਸੁਭਾਅ ਜਗਿਆਸੂ ਰਿਹਾ ਹੈ ਤੇ ਪ੍ਰਿਕ੍ਰਿਤੀ ਦਾ ਅਸੂਲ ਪਰਿਵਰਤਨ। ਪਰਿਵਰਤਨ ਹੁੰਦਾ ਗਿਆ ਮਨੁੱਖ ਦੀ ਜਾਨਣ ਦੀ ਇੱਛਾ ਵਿੱਚ ਵੀ ਤਬਦੀਲੀਆਂ ਆਉਂਦੀਆਂ ਗਈਆਂ। ਉਸ ਪਿੱਛੇ ਸਦੀਆਂ ਦੀ ਲੰਬੀ ਯਾਤਰਾ, ਪ੍ਰਕਿਰਤੀ ਨਾਲ ਸੰਘਰਸ਼ ਅਤੇ ਆਪਣੀਆਂ ਜੈਵਿਕ ਸ਼ਕਤੀਆਂ ਨੂੰ ਨਿਯੰਤਰਣ, ਅਧੀਨ ਕਰ ਸਕਣ ਦਾ ਇਤਿਹਾਸ ਹੈ। ਮਨੁੱਖ ਦੀ ਇਕੱਲਤਾ ਸਮੂਹ ਵਿੱਚ ਬਦਲੀ ਤੇ ਸਮੂਹ ਨੇ ਸਮਾਜ ਦਾ ਰੂਪ ਧਾਰਨ ਕਰ ਲਿਆ। ਸਮਾਜ ਵਿੱਚ ਹੋਣ ਵਾਲੀ ਹਰ ਗਤੀਵਿਧੀ ਮਨੁੱਖ ਨਾਲ ਜੁੜੀ ਹੋਈ ਹੈ। ਮਨੁੱਖ ਸਮਾਜ ਦਾ ਹਿੱਸਾ ਹੈ ਅਤੇ ਮਨੁੱਖ ਤੋਂ ਬਿਨਾਂ ਸਮਾਜ ਦੀ ਕੋਈ ਹੋਂਦ ਨਹੀਂ ।

ਸਮਾਜ ਮਨੁੱਖ ਦੇ ਪਾਲਣ-ਪੋਸ਼ਣ ਅਤੇ ਸਿਖਲਾਈ ਲਈ ਲੋੜੀਂਦਾ ਪ੍ਰਬੰਧ ਵੀ ਪ੍ਰਦਾਨ ਕਰਦਾ ਹੈ ਅਤੇ ਇਸ ਪ੍ਰਕ੍ਰਿਆ ਦੇ ਦੌਰਾਨ ਮਨੁੱਖ ਕੁਦਰਤੀ ਵਿਅਕਤੀਤਵ ਦਾ ਸਮਾਜੀਕਰਣ ਵੀ ਕਰਦਾ ਹੈ। ਸਿੱਖਿਅਤ ਤੇ ਸਮਾਜੀਕ੍ਰਿਤ ਮਨੁੱਖ ਪੈਦਾਵਾਰ ਦੇ ਕਾਰਜ ਵਿੱਚ ਸਮਾਜਕ ਤੌਰ ਤੇ ਕ੍ਰਿਆਸ਼ੀਲ ਹੁੰਦਾ ਹੈ। ਜਿਸ ਕਰਕੇ ਉਸ ਦੀ ਓਤੁਪਾਦਨ-ਸ਼ਕਤੀ ਹੋਰ ਵੀ ਵੱਧ ਜਾਂਦੀ ਹੈ। ਇਸ ਪ੍ਰਕਾਰ ਮਨੁੱਖੀ ਵਿਕਾਸ ਦੇ ਇੱਕ ਖਾਸ ਪੱਧਰ ਉੱਤੇ ਮਨੁੱਖ ਅਤੇ ਉਸ ਦੀ ਪੈਦਾਵਾਰ ਦੋਹਾਂ ਦਾ ਹੀ ਸਮਾਜੀਕਰਣ ਹੋ ਜਾਂਦਾ ਹੈ। ਜਦੋਂ ਮਨੁੱਖ ਨੇ ਅਜੇ ਬੋਲਣਾ ਵੀ ਨਹੀਂ ਸਿੱਖਿਆ ਸੀ। ਉਹ ਆਪਣੇ ਭਾਵਾਂ ਨੂੰ ਵਿਅਕਤ ਕਰਨ ਲਈ ਇਸ਼ਾਰੇ ਜਾਂ ਪ੍ਰਤੀਕਾਂ (ਪ੍ਰਕ੍ਰਿਤੀ) ਦਾ ਸਹਾਰਾ ਲੈਂਦਾ ਸੀ। ਫਿਰ ਚਿੱਤਰਕਾਰੀ, ਬੋਲਣ, ਲਿਖਣਾ ਤੇ ਫਿਰ ਬੀਤੇ ਕੱਲ ਨੂੰ ਸੰਜੋ ਕੇ ਰੱਖਣ ਦੀ ਪ੍ਰਵਿਰਤੀ ਨੇ ਸਾਹਿਤ ਨੂੰ ਜਨਮ ਦਿੱਤਾ। ਮਨੁੱਖੀ ਜੀਵਨ ਨੂੰ ਵਧੇਰੇ ਪਾਰਦਰਸ਼ੀ ਅਤੇ ਵਧੇਰੇ ਸਮਝਣਯੋਗ ਸਾਹਿਤ ਦੀ ਕਲਾਤਮਕ ਵਿਧੀ ਹੀ ਬਣਾਉਂਦੀ ਹੈ। ਮਨੁੱਖੀ ਪ੍ਰਵਿਰਤੀ ਦਾ ਇੱਕ ਸੁਭਾਅ ਹੈ ਕਿਸੇ ਵੀ ਗੱਲ, ਘਟਨਾ, ਉਪਲਬੱਧੀ ਦੇ ਮੁੱਢ ਤੱਕ ਜਾਨਣਾ 'ਕਿਉਂ, ਕਿਵੇਂ, ਕਦੋਂ ਇਹ ਤਿੰਨੇ ਸ਼ਬਦ ਸ਼ੁਰੂਆਤ ਦੀ ਚਾਹਤ ਤੋਂ ਪੈਦਾ ਹੁੰਦੇ ਹਨ। ਜਿਸ ਨੂੰ ਜਾਨਣ ਤੋਂ ਬਾਦ ਹੀ ਇਕ ਨਵਨਿਰਮਾਣ, ਵੱਖਰਾ ਤੇ ਬੇਮੋਲ ਰਸਤਾ ਤਿਆਰ ਹੋ ਜਾਂਦਾ ਹੈ ਜੋ ਅਗਲੇ ਸਫ਼ਰ ਨੂੰ ਪ੍ਰਕਾਸ਼ਵਾਨ ਕਰਦਾ ਹੈ ਹਮੇਸ਼ਾ ਲਈ।

ਨਾਵਲ ਆਧੁਨਿਕ ਸਾਹਿਤ ਦਾ ਇੱਕ ਪ੍ਰਤੀਨਿਧ ਤੇ ਮਹੱਤਵਪੂਰਨ ਸਾਹਿਤ ਰੂਪ ਹੈ। ਨਾਵਲ ਦੀ ਉਤਪਤੀ ਅਤੇ ਪਰਿਭਾਸ਼ਾ ਨੂੰ ਜਾਨਣ ਤੋਂ ਪਹਿਲਾਂ ਸਾਡੇ ਲਈ ਸਾਹਿਤ ਨੂੰ ਜਾਨਣਾ ਜ਼ਰੂਰੀ ਹੈ। ਸਾਹਿਤ ਜ਼ਿੰਦਗੀ ਦਾ ਸੱਚ ਹੈ। ਜੋ ਜ਼ਿੰਦਗੀ ਵਿਚੋਂ ਹੀ ਉਪਜਦਾ ਹੈ। ਸਾਹਿਤ ਚਾਹੇ ਕੋਈ ਵੀ ਹੋਵੇ ਜਦੋਂ ਤੱਕ ਸਾਹਿਤਕਾਰ ਕੋਲ ਉੱਚ ਤੇ ਮਹਾਨ ਵਿਚਾਰ ਹੋਣਗੇ, ਉਥੋਂ ਹੀ ਸਾਹਿਤ ਰਚਿਆ ਜਾਵੇਗਾ ਤੇ ਇਹ ਵਿਚਾਰ ਉਸਦੇ ਚਿੰਤਨ ਤੇ ਜ਼ਿੰਦਗੀ ਤੇ ਤਜ਼ਰਬੇ ਤੋਂ ਆਉਂਦਾ ਹੈ। ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ।

**© Association of Academic Researchers and Faculties (AARF)**
A Monthly Double-Blind Peer Reviewed Refereed Open Access International e-Journal - Included in the International Serial Directories.

''ਸਾਹਿਤ ਆਪਣੀ ਕਲਾਤਮਕ ਵਿਧੀ ਰਾਹੀਂ ਮਨੁੱਖੀ ਜੀਵਨ ਨੂੰ ਵਧੇਰੇ ਪਾਰਦਰਸ਼ੀ ਅਤੇ ਵਧੇਰੇ ਸਮਝਣਯੋਗ ਬਣਾਉਂਦਾ ਹੈ ਅਤੇ ਇਸ ਪ੍ਰਕਾਰ ਮਨੁੱਖੀ ਸੂਝ ਦਾ ਵਿਕਾਸ ਵੀ ਕਰਦਾ ਹੈ। ਇਸ ਤਰ੍ਹਾਂ ਹੀ ਆਲੋਚਨਾ ਪਾਠ, ਸਾਹਿਤ ਵਿਚਲੇ ਭਾਵਾਂ ਵਿਚਾਰਾਂ ਅਤੇ ਵਿਅਕਤੀਆਂ ਨੂੰ ਵਧੇਰੇ ਸਮਝਣਯੋਗ ਬਣਾਉਂਦੇ ਹਨ।''[1]

ਸਾਹਿਤ ਨੂੰ ਕਲਾਤਮਕ ਬਣਾਉਣ ਲਈ ਸਾਹਿਤਕਾਰ ਅਲੰਕਾਰਾਂ, ਬਿੰਬਾਂ, ਮਾਨਵੀਕਰਨ ਆਦਿ ਕਈ ਸਾਹਿਤਕ ਜੁਗਤਾਂ ਦੀ ਵਰਤੋਂ ਕਰਦਾ ਹੈ।

''ਸਾਹਿਤਕਾਰ ਵੀ ਇੱਕ ਤਰ੍ਹਾਂ ਨਾਲ ਅਧਿਐਤਾ ਹੈ। ਜੋ ਵਾਸਤਵਿਕਤਾ ਦਾ ਵਿਸ਼ਲੇਸ਼ਣ ਭੰਨ ਤੋੜ ਜਾਂ ਅੰਗ ਨਿਖੇੜ, ਸਾਹਿਤਕ ਨੇਮਾਂ ਅਨੁਸਾਰ ਕਰਕੇ ਸਾਹਿਤ ਕਰਕੇ ਸਾਹਿਤ ਪਾਠ ਦੀ ਸਿਰਜਣਾ ਕਰਦਾ ਹੈ। ਸਿਰਜਣਾਂ ਜਾਂ ਕਲਾ ਨੇਮਾਂ ਅਨੁਸਾਰ ਵਾਸਤਵਿਕਤਾ ਦਾ ਰੁਪਾਂਤਰਨ ਕਰਨ ਕਰਕੇ ਉਹ ਇੱਕ ਸਿਰਜਕ ਹੈ ਅਤੇ ਵਾਸਤਵਿਕਤਾ ਦਾ ਅੰਗ ਨਿਖੇੜ ਕਰਨ ਕਰਕੇ ਅਧਿਐਤਾ ਸਾਹਿਤਕਾਰ ਵੱਲੋਂ ਸਿਰਜੀ ਕਿਰਤ ਨੂੰ ਵੀ ਸਿਰਜ ਕੇ ਹੀ ਸਮਝਿਆ ਜਾ ਸਕਦਾ ਹੈ।''[2]

''ਸਾਹਿਤ ਸਿਰਜਦਾ ਇਕ ਸਮਾਜਿਕ ਪ੍ਰਕਿਰਿਆ ਹੈ। ਜਿਹੜੀ ਲੇਖਕ, ਪਾਠਕ, ਆਲੋਚਕ, ਪ੍ਰਕਾਸ਼ਕ ਤੇ ਵਿਤਰਕ ਤੇ ਵਿਚਕਾਰ ਹੋਣ ਵਾਲੀਆਂ ਅੰਤਰ ਕਿਰਿਆਵਾਂ ਦਾ ਸਿੱਟਾ ਹੁੰਦਾ ਹੈ। ਜੋ ਕਿਸੇ ਵਿਸ਼ੇਸ਼ ਸਮਾਜਿਕ ਸੰਸਕ੍ਰਿਤਕ ਵਾਤਾਵਰਣ ਦੇ ਵਿਚਕਾਰ ਆਪਣਾ ਵਿਸ਼ੇਸ਼ ਰੂਪ, ਸਰੰਚਨਾ ਤੇ ਪ੍ਰਕਾਰਜ ਗ੍ਰਹਿਣ ਕਰਦਾ ਹੈ।''[3]

ਸਾਹਿਤ ਦੇ ਭਿੰਨ-ਭਿੰਨ ਰੂਪਾਂ ਦਾ ਉਦਭਵ ਸਿਰਫ਼ ਰੂਪ ਦੀ ਰੀਝ ਵਿੱਚੋਂ ਹੀ ਨਹੀਂ ਹੁੰਦਾ, ਸਗੋਂ ਇਸਦੇ ਵਸਤੂਗਤ ਕਾਰਣ ਹੁੰਦੇ ਹਨ। ਜਦੋਂ ਅਸੀਂ ਇਨ੍ਹਾਂ ਵਸਤੂਗਤ ਕਾਰਣਾਂ ਅਤੇ ਸਥਿਤੀਆਂ ਦੀ ਤਲਾਸ਼ ਨਾਲ ਜੁੜਦੇ ਹਾਂ ਤਾਂ ਉਦੋਂ ਸਾਨੂੰ ਸਾਹਿਤ ਰੂਪਾਂ ਦੇ ਹੋਂਦ ਵਿੱਚ ਆਉਣ ਵਾਲੇ ਕਾਰਣਾਂ ਦੇ ਰਹੱਸ ਦਾ ਪਤਾ ਲੱਗਦਾ ਹੈ। ਦਰਅਸਲ ਸਾਹਿਤ ਦੇ ਇਹ ਰੂਪ ਕੇਵਲ ਰੂਪ ਹੀ ਨਹੀਂ ਹੁੰਦੇ ਬਲਕਿ ਜੀਵਨ ਨੂੰ ਸਮਝਣ ਦੇ ਭਿੰਨ-ਭਿੰਨ ਮਾਧਿਅਮ ਹੁੰਦੇ ਹਨ। ਜਦ ਇਕ ਮਾਧਿਅਮ ਆਪਣੀ ਸਮਰੱਥਾ ਗੁਆ ਬੈਠਦਾ ਹੈ ਤਾਂ ਸੁਭਾਵਕ ਹੀ ਦੂਜੇ ਮਾਧਿਅਮ ਦਾ ਨਿਰਮਾਣ ਹੁੰਦਾ ਹੈ। ਪਰ ਜਾਨਣਾ ਇਹ ਲਾਜ਼ਮੀ ਹੈ ਕਿ ਇਸ ਮਾਧਿਅਮ ਨੂੰ ਲੱਭ ਕੇ ਲਿਖਤ ਰੂਪ ਵਿੱਚ, ਪਰ ਆਪਣੇ ਨਿੱਜੀ ਦ੍ਰਿਸ਼ਟੀਕੋਣ ਰਾਹੀਂ ਸਾਡੇ ਸਾਹਮਣੇ ਸਾਹਿਤਕਾਰ ਹੀ ਪੇਸ਼ ਕਰਦਾ ਹੈ। ਇਸੇ ਲਈ ਸਾਹਿਤਕਾਰ ਸਮਾਜ ਦਾ ਅਨਿੱਖੜਵਾਂ ਅੰਗ ਹੈ।

ਲਗਭਗ ਸਾਰੇ ਹੀ ਵਿਦਵਾਨਾਂ ਨੇ ਸਾਹਿਤ ਨੂੰ ਸਮਾਜ ਦੇ ਬਿੰਬਾਂ ਰਾਹੀਂ ਕੀਤੀ ਸਿਰਜਣਾ ਮੰਨਿਆ ਹੈ। ਇਨ੍ਹਾਂ ਦੋਹਾਂ ਦਾ ਰਿਸ਼ਤਾ ਭੂਮੀ ਤੇ ਭੂਮਿਕਾ ਵਾਲਾ ਹੈ। ਸਮਾਜ ਸਾਹਿਤ ਦੀ ਭੂਮੀ ਹੈ ਅਤੇ ਸਾਹਿਤ ਸਮਾਜ ਲਈ ਭੂਮਿਕਾ ਵੀ ਨਿਭਾਉਂਦਾ ਹੈ।

''ਸਾਹਿਤ ਵੀ ਉਸੇ ਪ੍ਰਕਾਰ ਦਾ ਇਕ ਸਮਾਜਕ ਕਰਮ ਹੈ। ਜਿਸ ਪ੍ਰਕਾਰ ਕੋਈ ਹਰ ਕਿਰਤ, ਕਿਰਸਾਣੀ ਜਾਂ ਕਾਰੀਗਰੀ । ਇਸਦਾ ਕਰੱਤਵ ਸਮਾਜਕ ਕਲਿਆਣ, ਸਮਾਜ ਦੀ ਉਸਾਰੀ ਵਿੱਚ ਭਾਗ ਪਾਉਣਾ ਤੇ ਨਵੀਂ ਪ੍ਰਧਾਨ ਹੋ ਰਹੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਨਾ ਹੈ।''[4]

''ਦ੍ਰਿਸ਼ਟੀਕੋਣ ਕਿਉਂਕਿ ਕਿਸੇ ਦਾ ਹਿੱਤ ਹੁੰਦਾ ਹੈ। ਇਸ ਲਈ ਪ੍ਰਤਿਬੱਧ ਸਾਹਿਤਕਾਰ ਕਿਸੇ ਦੇ ਹਿੱਤ ਦੀ ਪੂਰਤੀ ਕਰ ਰਿਹਾ ਹੁੰਦਾ ਹੈ ਅਰਥਾਤ ਦ੍ਰਿਸ਼ਟੀਕੋਣ ਰਾਹੀਂ ਉਹ ਕਿਸੇ ਦੇ ਵਾਸਤਵਿਕ ਹਿੱਤ ਨਾਲ ਬੱਝਿਆ ਹੁੰਦਾ ਹੈ।''[5]

''ਉਹਦੀ ਕਲਾ ਇਸ ਗੱਲ ਵਿੱਚ ਹੈ ਕਿ ਅਜਿਹੇ ਢੰਗ ਨਾਲ ਇਨ੍ਹਾਂ ਨੂੰ ਪੇਸ਼ ਕੀਤਾ ਜਾਵੇ ਕਿ ਪਾਠਕ ਕੀਲਿਆ ਜਾਵੇ ਤੇ ਉਸ ਲਈ ਉਸ ਦ੍ਰਿਸ਼ਟੀਕੋਣ ਨੂੰ ਪ੍ਰਵਾਨ ਕਰਨ ਤੋਂ ਬਿਨ੍ਹਾਂ ਹੋਰ ਕੋਈ ਰਾਹ ਹੀ ਨਾ ਰਹੇ। ਇਹ ਦ੍ਰਿਸ਼ਟੀਕੋਣ ਸਾਹਿਤ ਦੀ ਅੰਤ੍ਰੀਵ ਪ੍ਰੇਰਣਾ ਬਣਕੇ ਉੱਘੜਦਾ ਹੈ।''[6]

ਸਾਹਿਤ ਤੇ ਸਮਾਜ ਦਾ ਨਹੁੰ-ਮਾਸ ਵਾਲਾ ਸੰਬੰਧ ਹੈ। ਸਮਾਜ ਸਾਹਿਤ ਦਾ ਵਿਸ਼ਾਲ ਸੋਮਾ ਹੈ ਅਤੇ ਇਹ ਸਮਾਜ-ਸਾਗਰ ਕਈ ਪ੍ਰਕਾਰ ਦੇ ਭਾਵਾਂ, ਘਟਨਾਵਾਂ, ਮਨੁੱਖ ਇੱਛਾਵਾਂ ਨੂੰ ਆਪਣੇ ਅੰਦਰ ਵਸਾ ਕੇ ਰੱਖਦਾ ਹੈ। ਸਾਹਿਤਕਾਰ ਸਮਾਜ ਨੂੰ ਬਦਲਾਉਣ, ਸੋਹਣਾ ਬਣਾਉਣ ਤੇ ਉੱਚਾ ਉਠਾਣ ਲਈ ਸਦਾ ਹੀ ਯਤਨਸ਼ੀਲ ਹੁੰਦੇ ਹਨ। ਇਸੇ ਲਈ ਆਦਿਕਾਲ ਤੋਂ ਲੈ ਕੇ ਅੱਜ ਦੇ ਯੁੱਗ ਵਿੱਚ ਵੀ ਸਾਹਿਤ ਨੂੰ ਕ੍ਰਾਂਤੀ ਦੇ ਵਰਤਮਾਨ ਯੁੱਗ ਨੂੰ ਨਵਾਂ ਰੂਪ ਦੇਣ ਵਾਲਾ ਵੱਡਾ ਹਥਿਆਰ ਮੰਨਿਆ ਜਾਂਦਾ ਹੈ।

''ਸਮਾਜ ਅਪਾਣੇ ਆਪ ਵਿੱਚ ਇਕ ਸੰਘ ਹੈ, ਸੰਗਠਨ ਹੈ ਤੇ ਉਪਚਾਰਿਕ ਸੰਬੰਧਾਂ ਦਾ ਸਮੂਹ ਹੈ। ਜਿਸ ਵਿੱਚ ਸਹਿਯੋਗ ਵਿਅਕਤੀ ਪਰਸਪਰ ਸਾਂਝ ਨਾਲ ਬੱਝੇ ਹੁੰਦੇ ਹਨ।''[7]

''ਸਮਾਜ ਮਨੁੱਖ ਦੇ ਆਪਸੀ ਅਤੇ ਅੰਦਰੂਨੀ ਸੰਬੰਧਾਂ ਦੀ ਜਟਿਲ ਵਿਵਸਥਾ ਹੈ।''[8]

ਸਾਹਿਤ ਨਾਲ ਸੰਬੰਧਿਤ ਕਈ ਵਿਦਵਾਨ ਮੰਨਦੇ ਹਨ ਕਿ ਇਕ ਹੀ ਉਦੇਸ਼ ਲਈ, ਕਿਸੇ ਇਕ ਹੀ ਨਿਸ਼ਚਿਤ ਦਿਸ਼ਾ ਵੱਲ ਜਾਣ ਵਾਲੇ ਵਿਅਕਤੀ-ਸਮੂਹ ਨੂੰ ਸਮਾਜ ਕਹਿੰਦੇ ਹਨ। ਇਉਂ ਉਦੇਸ਼ ਦੀ ਸਮਾਨਤਾ, ਵਿਅਕਤੀ ਦੇ ਸਮੂਹ ਨੂੰ ਇਕ ਸਮਾਜ ਦਾ ਰੂਪ ਦੇਂਦੀ ਹੈ। ਡਾ. ਸਪੂਰਨਾ ਨੰਦ ਨੇ ਆਪਣੀ ਪੁਸਤਕ 'ਸਮਾਜਵਾਦ' ਵਿਚ ਇਸ ਨਾਲ ਮਿਲਦੀ-ਜੁਲਦੀ ਪਰਿਭਾਸ਼ਾ ਦਿਤੀ :

''ਸਮ ਅਜੰਤੀ ਜਨਾ। ਅਮਿਮਿਨ ਇ ਤਿ ।''[9]

ਅਰਥਾਤ ਜਿਸ ਵਿਚ ਲੋਕ ਮਿਲਕੇ ਇਕੱਠੇ ਹੋ ਕੇ, ਇਕ ਗਤੀ ਨਾਲ, ਇਕ ਤਰ੍ਹਾਂ ਚੱਲਣ, ਉਹ ਹੀ ਸਮਾਜ ਹੈ।

ਸਾਹਿਤ ਨੂੰ ਸਮਾਜ ਦਾ ਦਰਪਣ ਮੰਨਿਆ ਗਿਆ ਹੈ। ਜਿਸ ਦਰਪਣ ਨੂੰ ਸਾਹਿਤਕਾਰ ਦੁਆਰਾ ਤਿਆਰ ਕੀਤਾ ਜਾਂਦਾ ਹੈ। ਜਿਸ ਵਿੱਚ ਯਥਾਰਥਕਤਾ ਵਿਖਾਈ ਦਿੰਦੀ ਹੈ।

''ਸਾਹਿਤ ਸਾਡੇ ਜੀਵਨ ਦੇ ਯਥਾਰਥ ਨੂੰ ਰੂਪਮਾਨ ਕਰਨ ਦਾ ਪ੍ਰਯਾਸ ਕਰਦਾ ਹੈ ਅਤੇ ਮਨੋਵਿਗਿਆਨ ਇਸ ਜੀਵਨ ਯਥਾਰਥ ਦੀ ਮਾਨਸਿਕਤਾ ਨੂੰ ਪਹਿਚਾਨਣ ਦੀ ਸੋਝੀ ਪ੍ਰਦਾਨ ਕਰਦਾ ਹੈ। ਸਾਹਿਤ ਸਿਰਜਣ ਤੇ ਸਾਹਿਤ ਅਧਿਐਨ ਜੇਕਰ ਹੂ ਬ ਹੂ ਸ਼ਾਸ਼ਤਰ (Science) ਨਹੀਂ ਤਾਂ ਗਿਆਨ (Knowledge) ਤੇ ਪ੍ਰਿਗਿਆ (Learning) ਦਾ ਸਹਿ ਧਰਮੀ ਅਵੱਸ਼ ਹੈ।''[10]

ਨਾਵਲ ਆਧੁਨਿਕ ਸਾਹਿਤ ਦਾ ਇਕ ਪ੍ਰਤੀਨਿਧ ਤੇ ਮਹੱਤਵਪੂਰਨ ਸਾਹਿਤ ਰੂਪ ਹੈ। ਨਾਵਲ ਗਲਪ ਸਾਹਿਤ ਦਾ ਉਹ ਅੰਗ ਹੈ ਜਿਸ ਵਿੱਚ ਸਮੁੱਚੇ ਜੀਵਨ ਜਾਂ ਜੀਵਨ ਦੇ ਇੱਕ ਵੱਡੇ ਭਾਗ ਨੂੰ ਪਾਤਰਾਂ ਦੇ ਕਿਰਦਾਰ ਰਾਹੀ ਇਸ ਤਰ੍ਹਾਂ ਬਿਆਨ ਕੀਤਾ ਜਾਂਦਾ ਹੈ ਕਿ ਉਹ ਸਾਨੂੰ ਮਾਨਸਿਕ ਆਨੰਦ ਪ੍ਰਦਾਨ ਕਰਨ ਦੇ ਨਾਲ-ਨਾਲ ਸਮਾਜਿਕ ਜੀਵਨ ਦੇ ਹਰ ਪੱਖ ਨੂੰ ਬੜੇ ਹੀ ਸਾਫ਼ ਅਤੇ ਸਪੱਸ਼ਟ ਰੂਪ ਵਿੱਚ ਸਾਡੇ ਸਾਹਮਣੇ ਪੇਸ਼ ਹੁੰਦੇ ਹਨ ਅਤੇ ਮਨੁੱਖ ਨੂੰ ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਦੇ ਰੂ-ਬ-ਰੂ ਕਰਦਾ ਹੈ।

''ਮਨੁੱਖ ਦੀਆਂ ਸਧਾਰਣ, ਨਿਤ ਬਦਲਦੀਆਂ, ਵਿਸਤਾਰ ਫੜਦੀਆਂ, ਜਟਿਲ ਹੁੰਦੀਆਂ, ਪਰਸਪਰ ਵਿਰੋਧੀ ਭਾਵਨਾਵਾਂ ਦਾ ਹਾਲਾਤ ਦੇ ਪ੍ਰਸੰਗ ਵਿੱਚ ਚਿਤਰਣ ਸ਼ਾਇਦ ਸਾਹਿਤ ਦਾ ਹੋਰ ਕੋਈ ਰੂਪ ਪ੍ਰਸਤੁਤ ਨਹੀਂ ਕਰ ਸਕਦਾ ਸੀ। ਇਹ ਸਮਰੱਥਾ ਉਪਨਿਆਸ ਵਿਚ ਹੀ ਸੀ।''[11]

''ਨਾਵਲ ਕੋਰੀ ਵਾਰਤਕ ਵਿੱਚ ਲਿਖੀ ਕਹਾਣੀ ਹੀ ਨਹੀਂ, ਇਹ ਤਾਂ ਮਨੁੱਖੀ ਜੀਵਨ ਦਾ ਪਹਿਲਾ ਗਦ ਹੈ ਜੋ ਮਨੁੱਖ ਦੇ ਸਮੁੱਚੇ ਜੀਵਨ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹੈ।''[12]

''ਨਾਵਲ ਇਕ ਕਲਾ ਹੈ ਜਿਸ ਵਿਚ ਕਲਾਕਾਰ ਉਹ ਕੁਝ ਪ੍ਰਦਰਸ਼ਤ ਕਰਦਾ ਹੈ। ਜਿਸ ਨੂੰ ਜੀਵਨ ਵਰਗਾ ਜਾਂ ਜੀਵਨ ਸੱਚ ਮੰਨਦਾ ਹੈ।''[13]

ਨਾਵਲ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿੱਚ ਕਿਸੇ ਵਿਸ਼ਾਲ ਘਟਨਾ ਨੂੰ ਪੂਰੇ ਵਿਸਥਾਰ ਵਿੱਚ ਬਿਆਨ ਕੀਤਾ ਜਾਂਦਾ ਹੈ। ਕਿਸੇ ਇਕ ਵਿਸ਼ੇਸ਼ ਵਿਅਕਤੀ ਦੀ ਸਮੁੱਚੇ ਜੀਵਨ ਦੇ ਹਰ ਪੱਖ ਤੇ ਰੋਸ਼ਨੀ ਸੁੱਟੀ ਜਾਂਦੀ ਹੈ। ਇਹ ਰੋਸ਼ਨੀ ਮਾਤਰ ਵਿਸ਼ੇਸ਼ ਵਿਅਕਤੀ ਤੇ ਹੀ ਨਹੀਂ ਬਲਕਿ ਉਸਦੇ ਆਲੇ-ਦੁਆਲੇ ਦੇ ਮਾਹੌਲ, ਕਾਲ, ਪਰਿਸਥਿਤੀਆਂ, ਪ੍ਰਕ੍ਰਿਤੀ, ਅਪ੍ਰਤੱਖ ਪਾਤਰ, ਬੋਲੀ-ਬਾਣੀ, ਰੀਤੀ-ਰਿਵਾਜ਼, ਖਾਨ-ਪਾਨ ਆਦਿ ਉੱਤੇ ਰੋਸ਼ਨੀ ਪਾ ਕੇ ਆਪਣੇ ਕਲਾਵੇ ਵਿਚ ਲੈਂਦੀ ਹੈ।

''ਨਾਵਲ ਇਕ ਅਜਿਹੀ ਕਲਾ ਕਿਰਤ ਹੈ। ਜੋ ਸਾਨੂੰ ਜਿਉਂਦੇ ਸੰਸਾਰ ਤੋਂ ਪਰਿਚਿਤ ਕਰਾਉਂਦੀ ਹੈ। ਇਹ ਸੰਸਾਰ ਅਨੇਕ ਦ੍ਰਿਸ਼ਟੀਆਂ ਤੋਂ ਸਾਡੇ ਯਥਾਰਥ ਦੇ ਸੰਸਾਰ ਵਰਗਾ ਹੀ ਹੁੰਦਾ ਹੈ, ਪਰ ਨਾਲ ਹੀ ਉਸਦਾ ਆਪਣਾ ਨਿੱਜੀ ਵਿਅਕਤੀਤਵ ਵੀ ਹੁੰਦਾ ਹੈ।''[14]

''ਤਕਨੀਕ ਸੰਚਾਰ ਦਾ ਇਕ ਮਾਧਿਅਮ ਹੈ। ਜਿਸ ਦੀ ਸਫ਼ਲਤਾ ਇਸ ਵਿੱਚ ਹੁੰਦੀ ਹੈ ਕਿ ਨਾਵਲ ਦਾ ਅਧਿਐਨ ਕਰਦੇ ਸਮੇਂ ਇਸ ਦੀ ਹੋਂਦ ਦਾ ਅਹਿਸਾਸ ਨਾ ਹੋਵੇ ਅਤੇ ਜੇਕਰ ਹੋਵੇ ਤਾਂ ਜੇਕਰ ਹੋਵੇ ਤਾਂ ਇਹ ਪਾਠਕ ਦੀ ਵਿਸ਼ੇ ਪ੍ਰਤੀ ਬਿਰਤੀ ਨੂੰ ਨਾ ਤੋੜੇ।''[15]

''ਨਾਵਲ ਦਾ ਸਮੇਂ ਨਾਲ ਸਬੰਧਤ ਕਲਾ ਹੈ। ਉਸਦੀ ਹੋਂਦ-ਵਿਧੀ ਬ੍ਰਿਤਾਤਮਕ ਨਹੀਂ ਬਿਰਤਾਂਤਕ ਹੈ। ਨਾਵਲ ਦੀ ਜਿੰਦ ਸਥਿਤੀ ਵਿੱਚ ਨਹੀਂ, ਗਤੀ ਵਿੱਚ ਹੈ।''[16]

ਨਾਵਲ ਇਕ ਅਜਿਹੀ ਵਿਧਾ ਹੈ ਕਿ ਜਦੋਂ ਉਹ ਲਿਖਿਤ ਰੂਪ ਵਿੱਚ ਇਕ ਆਮ ਸਮਾਜਕ ਪਾਠਕਾਂ ਦੇ ਹੱਥਾਂ ਵਿੱਚ ਆਉਂਦੀ ਹੈ ਤਾਂ ਉਸ ਸਮੇਂ ਉਸਦੇ ਹੱਥਾਂ ਵਿੱਚ ਕਿਸੇ ਹੋਰ ਦੀ (ਸਾਹਿਤਕਾਰ) ਕਲਪਨਾ ਹੁੰਦੀ ਹੈ। ਜਿਸ ਵਿੱਚ ਸੱਚ ਵੀ ਹੁੰਦਾ ਹੈ ਤੇ ਝੂਠ ਵੀ। ਜੇਕਰ ਸੱਚ ਦੀ ਮਾਤਰਾ ਅਧਿਕ ਹੋਵੇਗੀ ਤਾਂ ਉਸਦੀ ਖਿੱਚ ਮਨੁੱਖੀ ਮਨ ਤੱਕ ਅਪੜਦੀ ਹੈ ਪਰ ਜੇਕਰ ਕਲਪਨਾ ਤੇ ਝੂਠ ਦੀ ਰੰਗਤ ਵਧੇਰੀ ਮਾਤਰਾ ਵਿੱਚ ਹੋਵੇਗੀ ਤਾਂ ਫਿਰ ਰੰਗਤ ਕੱਟ ਹੋਵੇਗੀ। ਇਸੇ ਲਈ ਨਾਵਲ ਵਿੱਚ ਕਲਪਨਾ ਤੇ ਸੱਚ ਦੋ ਅਜਿਹੀ ਚੀਜਾਂ ਹਨ, ਜਿਨ੍ਹਾਂ ਦਾ ਇਸਤੇਮਾਲ ਸੋਚਿਆ ਸਮਝਿਆ ਹੋਣਾ ਲਾਜ਼ਮੀ ਹੈ।

''ਨਾਵਲਕਾਰ ਕਿਸੇ ਅਨੁਭਵ ਖੰਡ ਨੂੰ ਲੰਮੇ ਸਮੇਂ ਵਿੱਚ ਇਸ ਤਰ੍ਹਾਂ ਵਿਸਤਾਰਦਾ ਹੈ ਕਿ ਉਸ ਦਾ ਸਮੁੱਚਾ ਸੱਚ ਉਜਾਗਰ ਹੋ ਜਾਂਦਾ ਹੈ। ਉਹ ਸੋਹਣਾ ਵੀ ਲੱਗਦਾ ਹੈ ਅਤੇ ਉਸ ਦੀ ਕਲਿਆਣਕਾਰੀ ਦਿਸ਼ਾ ਵੀ ਉਜਾਗਰ ਹੁੰਦੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਾਕ ਸ਼ਾਸ਼ਤ੍ਰੀ (Rhetorical) ਯੋਗਤਾ ਹੀ ਕਾਫ਼ੀ ਨਹੀਂ, ਜ਼ਰੂਰਤ ਹੈ ਅਜੇਹੀ ਜੀਵੰਤ ਦੀਰਘ-ਦ੍ਰਿਸਟੀ ਦੀ ਜੋ ਸੱਚ ਦੇ ਸਾਰੇ ਵੇਰਵਿਆਂ ਨੂੰ ਇਕ ਸੁਜ਼ੀਲੇ ਪ੍ਰਬੰਧ ਵਿੱਚ ਵੇਖ ਸਕੇ ਅਤੇ ਵਿਖਾ ਸਕੇ ।''[17]

''ਸਾਹਿਤ ਦੇ ਵਿਕਸਿਤ ਰੂਪਾਂ ਵਿਚੋਂ ਨਾਵਲ ਹੀ ਇਕ ਅਜਿਹਾ ਵਿਸ਼ਾਲ ਸਾਹਿਤ ਰੂਪ ਹੈ। ਜੋ ਮਨੁੱਖੀ ਹਕੀਕਤਾਂ ਦੀਆਂ ਵੱਧ ਤੋਂ ਵੱਧ ਸੰਭਾਵਨਾਵਾਂ ਨੂੰ ਆਪਣੇ ਕਲੇਵਰ ਵਿੱਚ ਸਮੇਟਣ ਦੀ ਕੋਸ਼ਿਸ਼ ਕਰਦਾ ਹੈ। ਕਾਲਪਨਿਕ ਸਾਹਿਤ ਰੂਪ ਹੁੰਦਿਆ ਹੋਇਆ ਵੀ, ਇਸ ਦਾ ਸੰਬੰਧ ਸਮੱਸਿਆਵਾਂ ਦੀ ਸਮੁੱਚਤਾ ਨੂੰ ਯਥਾਰਥ ਪੱਧਰ ਤੇ ਚਿਤਰਣ ਨਾਲ ਹੈ। ਯਥਾਰਥਕ ਸਾਹਿਤ ਰੂਪ ਹੋਣ ਤੋਂ ਕਈ ਨਾਵਲਕਾਰਾਂ ਜਾਂ ਨਾਵਲ ਆਲੋਚਕਾਂ ਦਾ ਇਹ ਭਾਵ ਹੁੰਦਾ ਹੈ ਕਿ ਨਾਵਲ ਦਾ ਸਮਕਾਲੀ ਜੀਵਨ ਦੀ ਕਿਸੇ ਵਾਸਤਵਿਕ ਸਮੱਸਿਆ ਨਾਲ ਸੰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਲਈ ਉਹੀ ਰਚਨਾ ਜੋ ਆਰਥਿਕ ਸਮਾਜਕ ਅਨਚਾਰ ਨੂੰ ਚਿਤਰਦੀ ਹੋਵੇ ਯਥਾਰਥਕ ਹੈ ਪਰੰਤੂ ਨਾਵਲ ਦਾ ਯਥਾਰਥਵਾਦ ਉਸ ਜੀਵਨ ਪ੍ਰਕਾਰ ਵਿੱਚ ਨਿਹਿਤ ਹੁੰਦਾ ਹੈ। ਜਿਸ ਰਾਹੀਂ ਉਹ ਜੀਵਨ ਪ੍ਰਕਾਸ਼ ਪੇਸ਼ ਹੁੰਦੀ ਹੈ।''[18]

ਨਾਵਲ ਨੂੰ ਆਧੁਨਿਕ ਕਾਲ ਦਾ ਮਹਾਂ-ਕਾਵਿਕ ਰੂਪ ਆਖਿਆ ਜਾਂਦਾ ਹੈ ਪਰ ਮਹਾਂਕਾਵਿ ਦਾ ਨਾਇਕ ਵਿਸ਼ੇਸ਼ ਵਿਅਕਤੀ ਹੈ। ਜੋ ਸਮਾਜ ਨਾਲ ਸਾਂਝ ਰੱਖਦਾ ਹੋਇਆ ਪ੍ਰਕਿਰਤੀ ਤੇ ਅਧਿਕਾਰ ਪ੍ਰਾਪਤ ਕਰਨ ਲਈ ਹਰ ਔਕੜ ਵਿੱਚ ਅਧਿਆਤਮਕ ਸ਼ਕਤੀਆਂ ਦੀ ਸਹਾਇਤਾ ਪ੍ਰਾਪਤ ਕਰ ਲੈਂਦਾ

© Association of Academic Researchers and Faculties (AARF)

ਹੈ। ਨਾਵਲ ਵਿੱਚ ਨਾਇਕ ਵਿਸ਼ੇਸ਼ ਜਾਂ ਅਦੁੱਤੀ ਵਿਅਕਤੀ ਨਹੀਂ, ਸਗੋਂ ਜਨ ਸਾਧਾਰਨ ਹੁੰਦਾ ਹੈ। ਉਸ ਵਿੱਚ ਸ੍ਵੈ-ਚੇਤਨਤਾ ਅਤੇ ਸ੍ਵੈ ਵਿਸਤਾਰ ਹੈ। ਨਾਵਲ ਸਮਾਜ ਦੀ ਹਰ ਇਕ ਚੁਣੌਤੀ ਨੂੰ ਸਵੀਕਾਰ ਕਰਦਾ ਹੈ। ਇਸੇ ਲਈ ਨਾਵਲ ਬਾਰੇ ਕਿਹਾ ਗਿਆ ਹੈ :

''ਬੁਨਿਆਦੀ ਤੌਰ ਤੇ ਇਹ ਸਾਹਿਤ ਦਾ ਇਕ ਖੁੱਲ੍ਹਾ ਰੂਪਾਕਾਰ ਹੈ। ਜਿਸਦੀ ਰਚਨਾ ਸੰਰਚਨਾਂ ਦੇ ਪੱਕੇ ਪੀਡੇ ਨੇਮ ਨਿਰਧਾਰਤ ਕਰਨ ਵਿੱਚ ਕਠਿਨਾਈ ਪੇਸ਼ ਆਉਂਦੀ ਹੈ। ਅਜਿਹੀ ਨਹੀਂ ਕਿ ਨਾਵਲ ਦੀ ਪਰਿਭਾਸ਼ਾ ਦੇ ਗੰਭੀਰ ਜਤਨ ਕੀਤੇ ਹੀ ਨਹੀਂ ਗਏ। ਸੱਚ ਤਾਂ ਇਹ ਹੈ ਕਿ ਸਾਹਿਤ ਚਿੰਤਕਾਂ ਨੇ ਹੀ ਨਹੀਂ ਸਗੋਂ ਕਈ ਸੁਪ੍ਰਸਿਧ ਨਾਵਲਕਾਰਾਂ ਨੇ ਵੀ ਆਪੋ ਆਪਣੇ ਢੰਗ ਨਾਲ ਇਸਨੂੰ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਕਿਸੇ ਨੇ ਇਸ ਨੂੰ ਵਾਰਤਕ ਵਿੱਚ ਲਿਖੀ ਹੋਈ ਲੰਮੀ ਕਹਾਣੀ ਆਖਿਆ ਹੈ ਅਤੇ ਕਿਸੇ ਨੇ ਇਸ ਨੂੰ ਅਜੋਕੇ ਯੁੱਗ ਦਾ ਮਹਾਂਕਵਿ ਆਖਿਆ ਹੈ ਤੇ ਕਿਸੇ ਨੇ ਇਸਨੂੰ ਵਾਸਤਵਿਕ ਜੀਵਨ ਦੀ ਕਾਲਪਨਿਕ ਕਥਾ ਵਜੋਂ ਪਰਿਭਾਸ਼ਤ ਕੀਤਾ ਹੈ।''[19]

''ਨਾਵਲ ਨੂੰ ਲਿਖਦੇ ਸਮੇਂ ਨਾਵਲਕਾਰਾਂ ਦੀ ਦ੍ਰਿਸ਼ਟੀ ਜੀਵਨ ਨੂੰ ਜਿਸ ਪੱਖ ਤੋਂ ਦੇਖਦੀ ਹੈ। ਉਸ ਨੂੰ ਕੁਝ ਊਣਾ ਦਿਸਦਾ ਹੈ। ਇਹੋ ਊਣਾਪਨ ਹੀ ਉਹ ਪਾਠਕ ਨੂੰ ਦਸਣਾ ਚਾਹੁੰਦਾ ਹੈ। ਇਸ ਲਈ ਉਹ ਅਜਿਹੇ ਪਾਤਰਾਂ ਦੀ ਵਾਰਤਾ ਦਸਦਾ ਹੈ। ਜਿਸ ਤੋਂ ਪਾਠਕ ਨਾਵਲਕਾਰ ਦੀ ਦ੍ਰਿਸ਼ਟੀ ਉਪਰ ਖਲੋ ਕੇ ਜੀਵਨ ਨੂੰ ਵੇਖ ਸਕਣ। ਪਰ ਕਈ ਵਾਰੀ ਨਾਵਲਕਾਰ ਨੂੰ ਆਪਣੀ ਅਭਿਵਿਅੰਜਨਾ ਵਿੱਚ ਸਵੈਵਿਸ਼ਵਾਸ ਦੀ ਘਾਟ ਪ੍ਰਤੀਤ ਹੁੰਦੀ ਹੈ। ਉਥੇ ਉਹ ਸਿੱਧਾ ਭਾਸ਼ਣ ਵੀ ਦੇ ਦਿੰਦਾ ਹੈ।''[20]

ਨਾਵਲ (Novel) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਲਾਤੀਨੀ ਭਾਸ਼ਾ ਦੇ Novella ਸ਼ਬਦ ਹੈ। 'Novel' ਸ਼ਬਦ ਨਵੇਂ ਅਰਥਾਂ ਵਜੋਂ ਵਰਤਿਆ ਜਾਂਦਾ ਹੈ। ਫਰਾਂਸੀਸੀ ਸ਼ਬਦ (Novellus) ਵੀ ਉਪਰੋਕਤ ਅਰਥਾਂ ਚ ਹੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿੱਚ Novel ਸ਼ਬਦ ਛੋਟੀ ਕਹਾਣੀ ਲਈ ਵੀ ਵਰਤਿਆ ਜਾਂਦਾ ਹੈ। Novel ਦਾ ਪ੍ਰਾਇਵਾਚੀ ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ। ਉਪਨਿਆਸ ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਵਿੱਚ ਹੈ। ਇਸ ਦਾ ਭਾਵ ਹੈ 'ਕਲਪਿਤ ਭਾਸ਼ਾ', ਸੋ ਅਸੀਂ ਨਾਵਲ ਅਤੇ ਉਪਨਿਆਸ ਨੂੰ ਮੂਲ ਭਾਵਾਂ ਅਨੁਸਾਰ ਇੰਝ ਪ੍ਰਗਟਾਅ ਸਕਦੇ ਹਾਂ ਕਿ ਇਸ ਵਿੱਚ ਜ਼ਿੰਦਗੀ ਦੀ ਲੰਮੀ ਕਹਾਣੀ ਨੂੰ ਨਾਵਾਂ, ਥਾਵਾਂ ਅਤੇ ਘਟਨਾਵਾਂ ਦੀ ਸਹਾਇਤਾ ਨਾਲ ਯੋਗਭਾਸ਼ਾ ਰਾਹੀਂ ਸਮਕਾਲੀ ਸਮਾਜ ਵਿੱਚ ਨਵੀਨਤਾ ਦੀ ਦ੍ਰਿਸ਼ਟੀ ਅਤੇ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ।

''ਨਾਵਲ ਮਨੁੱਖੀ ਜੀਵਨ ਦੀ ਅਜਿਹੀ ਲੰਮੀ ਤੇ ਬਿਆਨ ਕੀਤੀ ਗਈ ਕਹਾਣੀ ਹੈ ਜਿਸ ਵਿੱਚ ਮਨੁੱਖੀ ਫਿਤਰਤ ਨੂੰ ਅੰਦਰੋਂ ਬਾਹਰੋਂ ਪਰਖ ਕੇ ਵਾਸਤਵਿਕਤਾ ਦਿੱਤੀ ਜਾਂਦੀ ਹੈ। ਮਨੁੱਖੀ ਜੀਵਨ ਦੀ ਸੀਮਾ ਨਿਸ਼ਚਤ ਕਰਨਾ ਮੁਸ਼ਕਲ ਹੈ। ਨਾਵਲ ਕਿਉਂਕਿ ਮਨੁੱਖੀ ਜੀਵਨ ਨਾਲ ਸੰਬੰਧਤ ਹੈ ਇਸ ਕਰਕੇ ਇਸ ਵਿਚ ਵਿਸ਼ਾਲਤਾ ਤੇ ਰੰਗ ਦੋਵੇਂ ਦਾਇਰੇ ਹੁੰਦੇ ਹਨ। ਮਨੁੱਖੀ ਮਾਨਸਿਕਤਾ, ਅਸਲੀਅਤ ਅਤੇ ਪ੍ਰਗਤੀ ਦੀਆਂ ਵਖੋ ਵੱਖ ਸੱਚਾਈਆਂ ਨੂੰ ਅਸਲੀ ਰੂਪ ਵਿਚ ਪੇਸ਼ ਕਰਨ ਤੋਂ ਕੋਈ ਵੀ ਸਾਹਿਤਕ ਰੂਪ ਅਸਮਰਥ ਹੈ। ਇਸੇ ਲਈ ਨਾਵਲ ਅਜਿਹਾ ਜ਼ਰੀਆ ਹੈ ਜਿਸ ਵਿੱਚ ਮਨੁੱਖੀ ਜੀਵਨ ਦੀ ਕਿਸੇ ਵੀ ਸਮੱਸਿਆ ਅਤੇ ਹਰੇਕ ਔਕੜ ਨੂੰ ਪੇਸ਼ ਕੀਤਾ ਜਾ ਸਕਦਾ ਹੈ।''[21]

''ਪੰਜਾਬੀ ਨਾਵਲ ਆਪਦੇ ਰਚਨਾ-ਵਸਤੂ ਵਿੱਚ ਸਥਿਰਤਾ ਦੇ ਧੁਰੇ ਉਤੇ ਕੇਂਦਰਿਤ ਹੋਣ ਕਰਕੇ ਖੜੋਤ ਦਾ ਸੂਚਕ ਹੈ।''[22]

''ਪੰਜਾਬੀ ਨਾਵਲ ਦੀ ਪਰੰਪਰਾ ਦੇ ਸਥਿਰ ਜਾਂ ਗਤੀਸ਼ੀਲ ਸੁਭਾਵ ਦਾ ਠੀਕ ਨਿਖੇੜਾ ਕੇਵਲ ਰਚਨਾ ਵਿਵੇਕ ਦੇ ਪਰਿਪੇਖ ਵਿੱਚ ਹੀ ਹੋ ਸਕਦਾ ਹੈ, ਕਿਸੇ ਹੋਰ ਪਰਿਪੇਖ ਵਿੱਚ ਨਹੀਂ।''[23]

''ਨਾਵਲ ਸਾਡੇ ਨਿਤ ਦੇ ਜੀਵਨ ਦੇ ਮੁਲਾਂ ਦੀ ਵਿਆਖਿਆ ਇਉਂ ਕਰਦਾ ਹੈ ਜਿਵੇਂ ਕੋਈ ਹੋਰ ਰੂਪ ਪੇਸ਼ ਨਹੀਂ ਕਰਦਾ । ਨਾਵਲ ਦੀ ਇਨ੍ਹਾਂ ਮੁੱਲਾਂ ਨੂੰ ਸਿਰਜਣ ਦੀ ਵਿਧਾ 'ਕ੍ਰਾਂਤੀ ਤੋਂ ਅਨੁਭਵ ਤਕ ਦੀ ਯਾਤਰਾ ਦੇ ਸਿਰਜਣ ਦੀ ਵਿਧੀ ਹੈ ਨਾਵਲ ਦੇ ਆਰੰਭ ਵਿੱਚ ਪਾਤਰਾਂ ਨਾਲ ਜੋ ਸੰਭਾਵਨਾਵਾਂ ਸਬੰਧਿਤ ਹੁੰਦੀਆਂ ਹਨ, ਕਾਲ ਵਿੱਚ ਪੈ ਕੇ ਤੇ ਅਨੁਭਵ ਨਾਲ ਟਕਰਾ ਕੇ ਉਨ੍ਹਾਂ ਦੇ ਮੋਹ-ਭੰਗ ਦੀ ਪ੍ਰਕਿਰਿਆ ਜਨਮ ਲੈਂਦੀ ਹੈ ਭ੍ਰਾਂਤੀ ਦੀ ਅਵਸਥਾ ਪਾਤਰਾਂ ਲਈ ਮਾਨਸਿਕ ਤੌਰ ਤੇ ਸ੍ਵੈ-ਸੰਤੁਸ਼ਟਤਾ ਦੀ ਅਵਸਥਾ ਹੁੰਦੀ ਹੈ।''[24]

ਪੰਜਾਬੀ ਸਾਹਿਤ ਕੋਸ਼ ਵਿੱਚ ਸਾਹਿਤ ਦੇ ਬਹੁਤ ਸਾਰੇ ਰੂਪ ਹਨ ਜਿਵੇਂ : ਬਾਣੀ, ਵਾਕ, ਕਿੱਸਾ, ਬਾਰਾਮਾਂਹ, ਜਨਮ ਸਾਖੀ, ਗੁਰਬਿਲਾਸ, ਮਸਲ, ਨਾਟਕ, ਨਾਵਲ, ਕਹਾਣੀ, ਨਿੱਕੀ ਕਹਾਣੀ, ਇਕਾਂਗੀ, ਦੁਖਾਂਤ, ਸੁਖਾਂਤ, ਰੇਖਾਚਿੱਤਰ, ਰੁਮਾਂਸ, ਗਜ਼ਲ, ਮਹਾਂਕਾਵਿ, ਸਫ਼ਰਨਾਮਾ, ਅਨੁਵਾਦ, ਨਿਬੰਧ, ਸਵੈਜੀਵਨੀ, ਸੰਸਮਰਨ ਤੇ ਹੋਰ ਕਈ ਕ੍ਰਿਤੀਆਂ ਮਿਲਦੀਆਂ ਹਨ। ਸਭ ਦਾ ਆਪੋ-ਆਪਣਾ ਵੱਖਰਾ ਸਥਾਨ ਹੈ। ਜਿਸ ਸਮੇਂ ਵਿੱਚ ਸਾਹਿਤ ਦੇ ਜਿਹੜੇ ਰੂਪ ਨੇ ਜਨਮ ਲਿਆ ਉਸ ਸਮੇਂ ਦਾ ਉਸ ਰੂਪ ਉੱਤੇ ਪ੍ਰਭਾਵ ਵੀ ਪਿਆ ਅਰਥਾਤ ਸਮਾਜ ਸਾਹਿਤ ਦਾ ਵਿਸ਼ਾਲ ਸੋਮਾ ਹੈ ਅਤੇ ਇਹ ਸਮਾਜ-ਸਾਗਰ ਕਈ ਪ੍ਰਕਾਰ ਦੇ ਅੰਦੋਲਨਾਂ ਤੇ ਲਹਿਰਾਂ ਨੂੰ ਜਨਮ ਦਿੰਦਾ ਹੈ ਤੇ ਸਾਹਿਤਕਾਰ ਸਮਾਜ ਨੂੰ ਬਦਲਾਉਣ ਤੇ ਉੱਚਾ ਉਠਾਉਣ ਲਈ ਸਦਾ ਹੀ ਯਤਨਸ਼ੀਲ ਹੁੰਦੇ ਹਨ।

''ਨਾਵਲ ਸੰਪੂਰਨ ਮਾਨਵ' (The Whole) ਦੀ ਅਭਿਵਿਅਕਤੀ ਹੈ ਅਤੇ 'ਸੰਪੂਰਨ ਮਾਨਵ' ਦੀ ਅਭਿਵਿਅਕਤੀ 'ਪੂਰੇ ਸਮਾਜ' ਦੇ ਸੰਦਰਭ ਵਿਚ ਹੀ ਹੋ ਸਕਦੀ ਹੈ ਇਸ ਲਈ ਨਾਵਲ 'ਯਥਾਰਥ' ਨੂੰ ਉਸ ਦੀ ਸਮੁੱਚਤਾ (Totality) ਵਿਚ ਪ੍ਰਗਟਾਉਣ ਦੀ ਵਿਧੀ ਹੈ।''[25]

''ਇੰਜ 'ਗਲਪ' ਵਿਚ ਬੁਨਿਆਦੀ ਤੌਰ ਤੇ ਦੋ ਤੱਤ ਮਿਲੇ ਹੋਏ ਹਨ (ੳ) 'ਅਸਾਧਾਰਣਤਾ' ਜੋ ਪਾਠਕਾਂ ਦੇ ਮਨ ਵਿਚਲੀ ਅਚੰਭਾ ਪ੍ਰੇਮੀ ਬਿਰਤੀ ਨੂੰ ਉਤੇਜਿਤ ਕਰਦੀ ਹੈ ਅਤੇ (ਅ) 'ਵਾਸਤਵਿਕਤਾ' ਜੋ ਪਾਠਕ ਦੀ ਬੁੱਧੀ ਨੂੰ ਟੁੰਬਦੀ ਤੇ ਰਚਨਾ ਨੂੰ ਮੰਨਣਯੋਗ ਬਣਾਉਂਦੀ ਹੈ।''[26]

ਸਾਹਿਤਕਾਰ ਵੀ ਇਕ ਆਮ ਮਨੁੱਖ ਹੀ ਹੈ। ਉਹ ਆਪਣੇ ਆਲੇ-ਦੁਆਲੇ ਨੂੰ ਜਾਂ ਮਨੁੱਖੀ ਰਿਸ਼ਤਿਆਂ ਨੂੰ ਦੇਖਦਾ, ਭਾਂਪਦਾ ਅਤੇ ਉਨ੍ਹਾਂ ਵਿੱਚ ਵਿਚਰਦਾ ਹੋਇਆ ਖਾਸ ਨਾ ਹੋ ਕੇ ਆਮ ਰਸਤੇ ਦੀ ਯਾਤਰਾ ਕਰਦਾ ਹੈ। ਉਸਦੇ ਚਾਰੇ ਪਾਸੇ ਅਹਿਸਾਸਾਂ ਦਾ ਦਾਇਰਾ ਬਣ ਜਾਂਦਾ ਹੈ। ਅੱਛਾਈ-ਬੁਰਾਈ, ਜ਼ਿੰਦਗੀ-ਮੌਤ, ਦੁੱਖ-ਸੁੱਖ, ਕਰਮ-ਕੁਕਰਮ, ਹੋਣੀ-ਅਣਹੋਣੀ, ਊਚ-ਨੀਚ, ਮਾਨ-ਅਪਮਾਨ, ਆਦਰ-ਨਿਰਾਦਰ, ਹਿਤ-ਅਹਿਤ, ਚੱਜ-ਅਚੱਜ ਅਤੇ ਸਿਆਣਪ ਜਾਂ ਮੂਰਖਤਾ ਇਹ ਸਭ ਇਸ ਦਾਇਰੇ ਵਿੱਚ ਬਣਦੇ ਰਹਿੰਦੇ ਹਨ। ਇਨ੍ਹਾਂ ਸਾਰੇ ਭਾਵਾਂ ਨੂੰ ਇਕ ਸਿਆਣਾ ਰਚਨਾਕਾਰ ਜ਼ਰੂਰ ਸਮਝਦਾ ਹੈ।

''ਜੇ ਅਸੀਂ ਕੁਝ ਜਾਨਣਾ ਹੈ ਤਾਂ ਬਿਹਤਰੀਨ ਤਰੀਕਾ ਇਹ ਹੋਵੇਗਾ ਕਿ ਅਸੀਂ ਬੰਦੇ ਦੇ ਰਵੱਈਏ ਦੀ ਤਹਿ ਹੇਠ ਕੰਮ ਕਰਦੇ ਜਿੰਨ੍ਹੇ ਜ਼ਿਆਦਾ ਦ੍ਰਿਸ਼ਟੀ-ਬਿੰਦੂਆਂ ਨੂੰ ਜਾਣ ਸਕਦੇ ਹਾਂ, ਉਨ੍ਹਾਂ ਨੂੰ ਇਨਸਾਨੀ ਰਿਸ਼ਤਿਆਂ ਦੀ ਨਿਸਬਤ ਵਿੱਚ ਜਾਣਨ, ਦਰਸਾਉਣ ਅਤੇ ਚਿਤਰਨ ਦੀ ਜੁਗਤ ਲੱਭੀਏ ਤਾਂ ਇਲ੍ਹਾਂ ਨਾਲ ਵੇਖਣ ਤੇ ਸਮਝਣ ਵਾਲੇ ਦੀ ਨਜ਼ਰ ਵਿਚ ਵੁਸਅਤ ਆਵੇਗੀ ਉਸ ਨੂੰ ਸ਼ਬਦ ਪੜ੍ਹਾਉਣਾ ਨਹੀਂ ਪਵੇਗਾ, ਉਹ ਸ਼ਬਦ ਖੁੱਦ ਲੱਭਣਾ ਸਿੱਖਣ ਲੱਗੇਗਾ, ਤਕਨੀਕ ਕਰਸ ਨਹੀਂ, ਬਲਕਿ ਦਰਿਆਫ਼ਤ ਬਣ ਜਾਵੇਗੀ। ਲੇਕਖ ਉਸਤਾਦ ਨਹੀਂ ਬਲਕਿ ਖੋਜੀ ਹੋ ਨਿਬੱੜੇਗਾ। ਪਾਠਕ ਸ਼ਿਸ਼ ਨਹੀਂ, ਜਗਿਆਸੂ ਬਣ ਜਾਵੇਗਾ। ਗਿਆਨ ਤਰਜ਼ ਨਹੀਂ, ਤਲਾਸ਼ ਹੋ ਜਾਵੇਗੀ।''[27]

ਇਕ ਲੇਖਕ ਅਤੇ ਪਾਠਕ ਦੇ ਇਸ ਗਹਿਰੇ ਤੇ ਨਾਜ਼ੁਕ ਰਿਸ਼ਤੇ ਨੂੰ ਸਫਲਤਾਪੂਰਵਕ ਨਿਭਾਉਣ ਲਈ ਨਾਵਲਕਾਰ ਦਾ (ਰਚਨਾਕਾਰ) ਕੰਮ ਹੋਰ ਵੀ ਔਖਾ ਹੋ ਜਾਂਦਾ ਹੈ। ਕਿਉਂਕਿ ਉਸ ਉੱਤੇ ਕਿੱਤੇ ਭਰੋਸੇ ਨੂੰ ਉਸਨੇ ਬਰਕਰਾਰ ਵੀ ਰੱਖਣਾ ਹੈ।

''ਕਿਸੇ ਵੀ ਉੱਤਮ-ਸਾਹਿਤ-ਰਚਨਾ, ਰਚਨਾ-ਪ੍ਰਕਿਰਿਆ, ਰਚਨਾ-ਸਾਮੱਗਰੀ ਤੇ ਲੇਖਕ ਦਾ ਸੰਬੰਧ ਬਹੁਤਾ ਭਾਵੁਕ ਪੱਧਰ ਉੱਤੇ ਹੁੰਦਾ ਹੈ। (ਨਿਰੀਆ ਵਿਚਾਰ-ਪ੍ਰਧਾਨ ਸਾਹਿਤ-ਰਚਨਾਵਾਂ ਉੱਤਮ ਨਹੀਂ ਗਿਣੀਆਂ ਜਾਂਦੀਆਂ) ਜਿੱਥੇ ਵੀ ਕਿਸੇ ਸਾਹਿਤ-ਰਚਨਾ ਵਿੱਚ ਵਿਚਾਰ, ਭਾਵਨਾਵਾਂ ਤੇ ਮਨੁੱਖੀ ਅਨੁਭਵ ਉਤੇ ਭਾਰੂ ਹੋ ਜਾਣ ਉੱਥੇ ਸਾਹਿਤ-ਰਚਨਾ ਪ੍ਰਭਾਵ ਹੀਣ ਭਾਵੇਂ ਨਾ ਹੋਵੇ ਆਪਣਾ 'ਤੇਜ ਪ੍ਰਤਾਪ' ਜ਼ਰੂਰ ਗੁਆ ਬੈਠਦੀ ਹੈ। ਇਹ ਵੀ ਸਿੱਧ ਹੋ ਚੁੱਕਿਆ ਹੈ ਕਿ ਕੋਈ ਵੀ ਉੱਤਮ ਲੇਖਕ ਜਦੋਂ ਆਪਣੇ ਵਿਚਾਰ ਕਿਸੇ ਰਚਨਾ ਵਿੱਚ ਜੀਵਨ ਉੱਤੇ, ਆਪਣੀ ਇੱਛਾ ਅਨੁਸਾਰ ਲਾਗੂ ਕਰਨ (ਜਾਂ ਲੱਦਣ) ਦਾ ਯਤਨ ਕਰਦਾ ਹੈ ਤਾਂ ਲੇਖਕ ਦਾ ਆਪਣਾ ਹੀ ਆਪਣਾ ਹੀ ਅਨੁਭਵ ਭਾਵਨਾਵਾਂ ਤੇ ਰਚਨਾ-ਪ੍ਰਕਿਰਿਆ ਮਿਲਕੇ ਇਹਨਾਂ ਵਿਚਾਰਾਂ ਨੂੰ ਜਾਂ ਤਾਂ ਪ੍ਰਭਾਵਹੀਣ ਕਰ ਛਡਦੀਆਂ ਹਨ ਜਾਂ ਫੇਰ ਇਹ (ਵਿਚਾਰ) ਕੋੜਕੂਆਂ ਵਾਂਗ ਰੜਕਣ ਲਗ ਪੈਂਦੇ ਹਨ।''[28]

''ਆਪਣੇ ਪਰਿਵੇਸ਼ ਨੂੰ ਆਪਣੀਆਂ ਲੋੜਾਂ ਦੇ ਅਨੁਕੂਲ ਢਾਲ ਲੈਣਾ ਹੀ ਉਤਪਾਦਨ ਦੀ ਪ੍ਰਕ੍ਰਿਆ ਹੈ, ਜੋ ਕੇਵਲ ਮਨੁੱਖੀ ਕਾਰਜ ਦੁਆਰਾ ਸਾਕਾਰ ਹੁੰਦੀ ਹੈ। ਕੁਦਰਤ ਨਾਲ ਸੰਘਰਸ਼ ਰਾਹੀਂ, ਸੰਘਰਸ਼ ਦੇ ਦੌਰਾਨ ਮਨੁੱਖ ਕੁਦਰਤੀ ਪਦਾਰਥਾਂ ਤੇ ਸ਼ਕਤੀਆਂ ਦੇ ਸੁਭਾਅ ਤੇ ਸੰਬੰਧਾਂ ਦਾ ਗਿਆਨ ਪ੍ਰਾਪਤ ਕਰਦਾ, ਗਿਆਨ ਨੂੰ ਸਥੂਲ ਰੂਪ ਦਿੰਦਾ ਅਰਥਾਤ ਉਤਪਾਦਨ ਦੇ ਸੰਦ ਬਣਾਉਂਦਾ, ਸੰਦਾਂ ਦੀ ਵਰਤੋਂ ਕਰਕੇ ਕੁਦਰਤੀ ਪਦਾਰਥਾਂ ਤੇ ਸ਼ਕਤੀਆਂ ਨੂੰ ਆਪਣੀਆਂ ਲੋੜਾਂ ਦੇ ਅਨੁਕੂਲ ਢਾਲਦਾ ਉਤਪਾਦਨ ਕਰਦਾ ਤੁਰਿਆ ਜਾਂਦਾ ਹੈ।''[29]

ਉਪਰੋਕਤ ਦਿੱਤੇ ਵਿਚਾਰਾਂ ਵਿੱਚ ਅਸੀਂ ਜਾਨਣ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸਾਹਿਤ ਕੀ ਹੈ। ਉਸਦਾ ਸਾਹਿਤਕਾਰ (ਰਚਨਾਕਾਰ) ਨਾਲ ਕਿਵੇਂ ਦਾ ਸੰਬੰਧ ਹੈ ਤੇ ਸਾਹਿਤਕਾਰ ਕਿਵੇਂ ਸਮਾਜ ਨਾਲ ਜੁੜਿਆ ਹੋਇਆ ਆਪਣੀ ਸੂਝਬੂਝ ਨਾਲ ਕੀ ਕ੍ਰਿਤਿਆਂ ਪ੍ਰਧਾਨ ਕਰਦਾ ਹੈ। ਉਨ੍ਹਾਂ ਸਾਰੇ ਸਾਹਿਤ-ਰੂਪਾਂ ਵਿਚੋਂ ਨਾਵਲ ਦੀ ਪਰਿਭਾਸ਼ਾ ਕੀ ਹੈ, ਕਿਵੇਂ ਲਿਖਿਆ ਜਾਂਦਾ ਹੈ ਤੇ ਕਿੱਥੋਂ ਤੱਕ ਸਮਾਜ ਦੀਆਂ ਜੜ੍ਹਾਂ ਤਕ ਅਪੜਦਾ ਹੋਇਆ, ਇਕ ਆਮ-ਮਨੁੱਖ ਦੇ ਦਿਲ ਵਿਚ ਸਥਾਈ ਰੂਪ ਵਿੱਚ ਘਰ ਕਰ ਲੈਂਦਾ ਹੈ।

# ਹਵਾਲੇ----------------------------------------------------------------


1 ਸੰਤ ਸਿੰਘ ਸੇਖੋਂ, ਪੰਜਾਬੀ ਦੁਨੀਆਂ ਨਾਵਲ ਅੰਕ, ਪੰਨਾ 18

2 ਹਰਭਜਨ ਸਿੰਘ ਭਾਟੀਆਂ, ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ, ਪੰਨਾ 6

3 ਮੈਥਿਲੀ ਪ੍ਰਸਾਦ ਭਾਰਦਵਾਜ, ਪੱਛਮੀ ਕਾਵਿ ਸ਼ਾਸ਼ਤਰ ਦੇ ਸਿਧਾਂਤ, ਪੰਨਾ 28

4 ਪੰਜਾਬੀ ਯੂਨੀਵਰਸਿਟੀ, ਆਲੋਚਨਾ ਦੀਆਂ ਪ੍ਰਣਾਲੀਆਂ, ਪਟਿਆਲਾ, ਪੰਨਾ 34

5 ਟੀ. ਆਰ. ਵਿਨੋਦ, 'ਸਾਹਿਤ ਆਲੋਚਨਾ', ਪੰਨਾ 27

6 ਡਾ. ਅਤਰ ਸਿੰਘ, 'ਦ੍ਰਿਸ਼ਟੀਕੋਣ', ਪੰਨਾ 64

7 Giddings, F.H., 'The Principles of Sociology, p. 7

8 Liapray, R.T., "Sociology", p. 37

9 ਸੰਪੂਰਨਾਨੰਦ (ਡਾ.), 'ਸਮਾਜਵਾਦ', ਪੰਨਾ 9

10 Rene Welleck and Austin Warren, 'Theory of Literature, p. 15

11 ਵਿਨੋਦ, ਟੀ. ਆਰ., ''ਉਪਨਿਆਸ ਬਾਰੇ'' ਸਾਹਿਤ ਤੇ ਚਿੰਤਨ, ਪਟਿਆਲਾ, ਮਦਾਨ ਪਬਲਿਸ਼ਰਜ਼, ਸੰਨ 1976, ਪੰਨਾ 199

12 Ralph for the Novel and the People, p. 52

13 Scotic James R.A., Making of Literature, p. 315

14 Lord David Cecil Hard the Novelist, p. 7

15 ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਪੰਨਾ 56

16 ਹਰਿਭਜਨ ਤਸਨੀਮ, ਸਾਹਿਤ ਸ਼ਾਸ਼ਤਰ, ਪੰਨਾ 117

17 ਪੰਜਾਬੀ ਨਾਵਲ : ਰੂਪਰਚਨਾ – ਪਾਰਗਾਮੀ, ਪੰਨਾ 39

18 ਡਾ. ਕੇਸਰ ਸਿੰਘ ਕੇਸਰ, ਗਲਪ ਚਿੰਤਨ, ਪੰਨਾ 59

19 ਜਗਬੀਰ ਸਿੰਘ, ਪੰਜਾਬੀ ਗਲਪ ਸੰਸਾਰ, ਪੰਨਾ 28

20 ਡਾ. ਸੁਰਿੰਦਰ ਸਿੰਘ ਦੁਸਾਂਝ, 'ਪੰਜਾਬੀ ਇਤਿਹਾਸਕ ਨਾਵਲ', ਪੰਨਾ 116

21 ਡਾ. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਇਤਿਹਾਸਕ ਨਾਵਲ, ਪੰਨਾ 10–11

22 ਡਾ. ਜੋਗਿੰਦਰ ਸਿੰਘ ਰਾਹੀ (ਸੰਪਾ.), 'ਪੰਜਾਬੀ ਨਾਵਲ', ਪੰਨਾ 156

23 ਉਹੀ, ਪੰਨਾ 157

24 ਜੁਗਿੰਦਰ ਸਿੰਘ ਨਹਿਰੂ, ਨਾਵਲ ਦੀ ਵਿਧਾ, ਪੰਨਾ 69

25 ਡਾ. ਕੇਸਰ ਸਿੰਘ ਕੇਸਰ, ਗਲਪ ਚਿੰਤਨ, ਪੰਨਾ 22

26 ਜੀ. ਐਲ. ਸ਼ਰਮਾ, ਗਲਪ ਯਥਾਰਥ, ਪੰਨਾ 10

27 ਪ੍ਰੋ. ਦੇਵਿੰਦਰ ਸਿੰਘ (ਸੰਪਾ.), ਪੰਜਾਬੀ ਗਲਪ ਵਿਹਾਰ, ਪੰਨਾ 14

28 ਗੁਰਦਿਆਲ ਸਿੰਘ, ਮੇਰੀ ਪ੍ਰਤੀਨਿਧ ਰਚਨਾ, ਪੰਨਾ 8

29 ਡਾ. ਟੀ. ਆਰ. ਵਿਨੋਦ, ਪੰਜਾਬੀ ਨਾਵਲ ਸੰਸਕ੍ਰਿਤਿਕ ਅਧਿਐਨ, ਪੰਨਾ 9